Australian Government

# BACKGROUNDER

## ਕਨੇਡਾ, ਯੁਨਾਈਟਡ ਕਿੰਗਡਮ ਅਤੇ ਆਸਟ੍ਰੇਲੀਆ  ਵਿੱਚ ਇਮੀਗ੍ਰੇਸ਼ਨ ਧੋਖਾਧੜੀ ਨਾਲ ਨਜਿੱਠਣਾ

ਕਨੇਡਾ, ਯੁਨਾਈਟਡ ਕਿੰਗਡਮ(ਯੂਕੇ) ਅਤੇ ਆਸਟ੍ਰੇਲੀਆ, ਇਮੀਗ੍ਰੇਸ਼ਨ ਧੋਖਾਧੜੀ ਨੂੰ ਨੱਥ ਪਾਉਣ ਲਈ ਭਾਰਤੀ ਅਧਿਕਾਰੀਆਂ ਨਾਲ ਮਿਲਕੇ ਕੰਮ ਕਰ ਰਹੇ ਹਨ। ਬੇਅਸੂਲੇ ਇਮੀਗ੍ਰੇਸ਼ਨ ਏਜੰਟਾਂ ਨੂੰ ਖਤਮ ਕਰਨ ਲਈ ਉਹ ਵੱਡੀ ਗਿਣਤੀ ਵਿੱਚ ਚਲ ਰਹੇ ਯਤਨਾਂ ਵਿੱਚ ਸ਼ਾਮਿਲ ਹਨ।

ਕਨੇਡਾ ਦੀ ਸਰਕਾਰ ਨੇ ਹਾਲ ਵਿੱਚ ਹੀ ਉਹਨਾਂ ਪੈਮਾਨਿਆਂ ਦਾ ਐਲਾਨ ਕੀਤਾ ਸੀ ਜੋ ਕਿ ਵਿਆਹ ਧੋਖਾਧੜੀ ਨੂੰ ਰੋਕਣ ਦਾ ਟੀਚਾ ਰੱਖਦੇ ਹਨ। ਇੱਕ ਐਸਾ ਪੈਮਾਨਾ ਜੋ ਕਿ ਸਪਾਂਸਰ ਕੀਤੇ ਜੀਵਨਸਾਥੀ ਜਾਂ ਭਾਈਵਾਲਾਂ ਨੂੰ ਕਿਸੇ ਨਵੇਂ ਜੀਵਨਸਾਥੀ ਜਾਂ ਭਾਈਵਾਲਾਂ ਨੂੰ ਪੰਜ ਸਾਲਾਂ ਤੱਕ ਸਪਾਂਸਰ ਨਾ ਕਰਨ ਲਈ ਰੋਕਦਾ ਹੈ, ਨੂੰ ਮਾਰਚ 2012 ਵਿੱਚ ਪੇਸ਼ ਕੀਤਾ ਗਿਆ।  ਇੱਕ ਸ਼ਰਤੀਆ ਪੱਕੇ ਨਿਵਾਸੀ ਦੀ ਮਿਆਦ ਵੀ ਸੁਝਾਈ ਗਈ। ਇਸ ਸੁਝਾਅ ਅਧੀਨ, ਇੱਕ ਜੀਵਨਸਾਥੀ ਜਾਂ ਭਾਈਵਾਲ ਜਿਸਨੂੰ ਕਿਸੇ ਕਨੇਡੀਅਨ ਜਾਂ ਪੱਕੇ ਨਾਗਰਿਕ ਵੱਲੋਂ ਸਪਾਂਸਰ ਕੀਤਾ ਜਾਂਦਾ ਹੈ, ਨੂੰ ਕਨੇਡਾ ਵਿੱਚ ਆਪਣੇ ਪੱਕੇ ਵਸਨੀਕ ਦਾ ਪੱਧਰ ਹਾਸਲ ਕਰਨ ਮਗਰੋਂ ਇੱਕ ਉੱਚਿਤ ਰਿਸ਼ਤੇ ਵਿੱਚ ਆਪਣੇ ਸਪਾਂਸਰ ਨਾਲ ਦੋ ਸਾਲ ਤੱਕ ਰਹਿਣਾ ਪਵੇਗਾ।

ਯੂਕੇ ਸਰਕਾਰ ਹੋਰ ਵਧੇਰ ਜ਼ਿੰਦਾ ਪੱਧਰ ਤੱਕ ਸ਼ੁੱਧ ਮਾਈਗ੍ਰੇਸ਼ਨ ਨੂੰ ਘਟਾਉਣ ਲਈ ਯੂਕੇ ਵਿੱਚ ਦਾਖਲ ਹੋਣ ਦੇ ਸਾਰੇ ਪ੍ਰਮੁੱਖ ਰਸਤਿਆਂ ਨੂੰ ਸੁਧਾਰ ਰਹੀ ਹੈ, ਜਦਕਿ ਇਸ ਵਚਨਬੱਧਤਾ ਨੂੰ ਵੀ ਸੁਨਿਸ਼ਚਿਤ ਕਰ ਰਹੀ ਹੈ ਕਿ ਸਹੀ ਯਾਤਰੀ ਅਤੇ ਸ਼ਾਨਦਾਰ ਅਤੇ ਸਰਵੋਤਮ ਵਿਦਿਆਰਥੀ ਅਤੇ ਕਾਮੇ ਦਾਖਲ ਹੁੰਦੇ ਰਹਿਣ। ਪਰਿਵਾਰਕ ਮਾਈਗ੍ਰੇਸ਼ਨ ਪਾਲਿਸੀ ਵਿੱਚ ਹਾਲੀਆ ਪਰਿਵਰਤਨ ਮਗਰੋਂ ਕੰਮ, ਸਿੱਖਿਆ ਅਤੇ ਕੰਮ-ਸੰਬੰਧੀ ਬੰਦੋਬਸਤ ਰਸਤਿਆਂ, ਅਤੇ ਸਾਰੀਆਂ ਪ੍ਰਮੁੱਖ ਇਮੀਗ੍ਰੇਸ਼ਨ ਪਾਲਿਸੀਆਂ ਦਾ ਸੰਪੂਰਨ ਸੁਧਾਰ ਕਰ ਦਿੱਤਾ ਗਿਆ ਹੈ।

2011ਵਿੱਚ, ਆਸਟਰੇਲੀਆ ਨੇ ਇੱਕ ਫਰੌਡ ਪਬਲਿੱਕ ਇੰਟਰੈਸਟ ਕਰਟੀਰੀਆ (ਪੀਆਈਸੀ) ਨੂੰ ਸਾਰੀਆਂ ਜਨਰਲ ਸਕਿਲਡ ਮਾਈਗ੍ਰੇਸ਼ਨ, ਬਿਜ਼ਨਸ ਸਕਿਲਜ਼ ਅਤੇ ਸਟੂਡੈਂਟ ਵੀਜ਼ਾ ਐਪਲੀਕੇਸ਼ਨਜ਼ ਲਈ ਪੇਸ਼ ਕੀਤਾ ਸੀ। ਫਰੌਡ ਪੀਆਈਸੀ ਇੱਕ ਵੀਜ਼ਾ ਐਪਲੀਕੇਸ਼ਨ ਨੂੰ ਇਨਕਾਰ ਕਰਨ ਦੀ ਯੋਗਤਾ ਪ੍ਰਦਾਨ ਕਰਦੀ ਹੈ ਜਿਸ ਵਿੱਚ ਝੂਠੀ ਜਾਂ ਗੁੰਮਰਾਹਕੁਨ ਜਾਣਕਾਰੀ ਜਾਂ ਨਕਲੀ ਦਸਤਾਵੇਜ਼ ਇੱਕ ਐਪਲੀਕੇਸ਼ਨ ਦੇ ਭਾਗ ਵਜੋਂ ਪ੍ਰਦਾਨ ਕੀਤੇ ਜਾਂਦੇ ਹਨ। ਐਪਲੀਕੇਸ਼ਨ ਵਿੱਚ ਸ਼ਾਮਿਲ ਸਾਰੇ ਬਿਨੈਕਾਰਾਂ ਨੂੰ ਇਨਕਾਰ ਕਰ ਦਿੱਤਾ ਜਾਵੇਗਾ ਅਤੇ ਉਹ ਕਿਸੇ ਅਗਲੇ ਵੀਜ਼ੇ ਲਈ ਤਿੰਨ ਸਾਲ ਦੀ ਰੋਕ ਲੱਗਣ ਦਾ ਵਿਸ਼ਾ ਹੋਣਗੇ ਜੋ ਕਿ ਫਰੌਡ ਪੀਆਈਸੀ ਦਾ ਵਿਸ਼ਾ ਹੈ।

ਸਾਰੀਆਂ ਤਿੰਨੇ ਸਰਕਾਰਾਂ ਇਮੀਗ੍ਰੇਸ਼ਨ ਧੋਖਾਧੜੀ ਨਾਲ ਨਜਿੱਠਣ ਲਈ ਇੱਕਜੁੱਟ ਹਨ ਅਤੇ ਅਜਿਹੀ ਗੈਰਕਾਨੂੰਨੀ ਗਤੀਵਿਧੀ ਨੂੰ ਖਤਮ ਕੀਤੇ ਜਾਣ ਨੂੰ ਜਾਰੀ ਰੱਖਣ ਲਈ ਵਚਨਬੱਧ ਹਨ।